**ਮੁੱਖ ਆਰਕੀਟੈਕਟ**
**ਆਰਕੀਟੈਕਚਰ ਵਿਭਾਗ ਪੰਜਾਬ**
**ਐਸ.ਸੀ.ਓ ਨੰ:149-152, ਸੈਕਟਰ 17-ਸੀ, ਚੰਡੀਗੜ੍ਹ**

ਵੱਲ

ਸ੍ਰੀ ਰਮਨਦੀਪ ਸਿੰਘ ਪੁੱਤਰ ਸ੍ਰੀ ਹਰਬੰਸ ਸਿੰਘ,
ਵਾਰਡ ਨੰ:03, ਬਰੀਵਾਲਾ-152025
ਤਹਿਸੀਲ ਤੇ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ,
ਪੰਜਾਬ।

ਮੀਮੋ ਨੰ: ਮੁ.ਆ-(1184-ਈ)-2022/2630
ਮਿਤੀ ਚੰਡੀਗੜ੍ਹ: 19-9-2022

**ਵਿਸ਼ਾ: ਆਰਕੀਟੈਕਚਰਲ ਜੂਨੀਅਰ ਡਰਾਫਟਸਮੈਨ ਦੀ ਅਸਾਮੀ ਲਈ ਨਿਯੁਕਤੀ ਸਬੰਧੀ।**

ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜ੍ਹਕਾਂ-3 ਸ਼ਾਖਾ) ਦੇ ਪੱਤਰ ਨੰ: E361495/PWDBR302/9/ 2022-2BR3/460, ਮਿਤੀ 29.07.2022 ਰਾਹੀਂ ਚੇਅਰਮੈਨ, ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ, ਵਣ ਭਵਨ, ਸੈਕਟਰ 68, ਐਸ.ਏ.ਐਸ ਨਗਰ ਦੇ ਪੱਤਰ ਨੰ:3/15/2018/ਅ 5/1799, ਮਿਤੀ 21.07.2022 ਦੀ ਸਿਫਾਰਸ਼ ਤੇ ਆਪ ਨੂੰ ਆਰਕੀਟੈਕਚਰ ਵਿਭਾਗ ਵਿੱਚ ਐਸ.ਸੀ (ਐਮ.ਬੀ) ਕੈਟਾਗਰੀ ਦੀ ਅਸਾਮੀ ਵਿਰੁੱਧ ਹੇਠ ਲਿਖੀਆਂ ਸ਼ਰਤਾਂ ਅਧੀਨ ਆਰਕੀਟੈਕਚਰਲ ਜੂਨੀਅਰ ਡਰਾਫਟਸਮੈਨ, ਦੀ ਅਸਾਮੀ ਤੇ ਨਿਯੁਕਤੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ:-

| | | |
|---|---|---|
| 1. | ਤਨਖਾਹ | i)ਵਿੱਤ ਵਿਭਾਗ ਵਲੋਂ ਨੋਟੀਫਿਕੇਸ਼ਨ ਨੰ: 7/204/2012-4 ਐਫ.ਪੀ.1/66 ਮਿਤੀ: 15.1.2015 ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-I, ਭਾਗ-I ਦੇ ਸਬੰਧਤ ਰੂਲਾਂ ਵਿੱਚ ਸੋਧ ਅਨੁਸਾਰ ਅਤੇ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ), ਚੰਡੀਗੜ੍ਹ ਦੇ ਪੱਤਰ ਨੰ:1/6/2016-4ਪੀ.ਪੀ.1/834680/1 ਮਿਤੀ 07 ਸਤੰਬਰ,2016 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਰਾਜ ਸੇਵਾਵਾਂ ਵਿੱਚ ਸਿੱਧੀ-ਭਰਤੀ ਉਪਰੰਤ 3 ਸਾਲ ਦੇ ਪਰਖਕਾਲ ਦੇ ਸਮੇਂ ਦੋਰਾਨ ਸਮੇਤ ਪਰਖਕਾਲ ਦੇ ਸਮੇਂ ਵਿੱਚ ਜੇਕਰ ਕੋਈ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਤੁਹਾਨੂੰ ਪਰਖਕਾਲ ਸਮੇਂ ਦੌਰਾਨ ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ, (ਇਮਾਰਤਾਂ ਤੇ ਸੜ੍ਹਕਾਂ-1 ਸ਼ਾਖਾ), ਦੀ ਨੋਟੀਫਿਕੇਸ਼ਨ ਨੰ: PWD-BR1020/155/2020-B and R1/126224/1, dated 04.01.2021 ਅਨੁਸਾਰ ਆਰਕੀਟੈਕਚਰਲ ਜੂਨੀਅਰ ਡਰਾਫਟਸਮੈਨ ਦੀ ਆਸਾਮੀ ਤੇ ਤਨਖਾਹ ਰੁ:25,500/- (Level 4)(7ਵੇਂ ਸੈਂਟਰਲ ਪੇ-ਕਮਿਸ਼ਨ ਅਨੁਸਾਰ) ਫਿਕਸ ਇਮਾਲਿਊਮੈਂਟਸ ਵਜੋਂ ਦਿੱਤੀ ਜਾਵੇਗੀ ਅਤੇ ਪਰਖਕਾਲ ਸਮੇਂ ਦੌਰਾਨ ਤੁਹਾਨੂੰ ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫਰੀ ਭੱਤੇ (ਟੀ.ਏ) ਦੇ, ਮਿਲਣਯੋਗ ਨਹੀਂ ਹੋਣਗੇ।<br>ii) ਇਸ ਅਸਾਮੀ ਨੂੰ ਮਿਤੀ 01.01.2016 ਤੋਂ ਰੁ:5910-20200+2400 ਗ੍ਰੇਡ-ਪੇ ਦਾ ਤਨਖਾਹ ਸਕੇਲ ਦਿੱਤਾ ਗਿਆਸੀ। ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਅੰ.ਵਿ.ਪੱਤਰ ਨੰ:7/87/2020-5FP.1/1145,ਮਿਤੀ 29.10.2020 ਅਨੁਸਾਰ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਨੂੰ ਅਧਾਰ ਮੰਨਕੇ ਆਰਕੀਟੈਕਚਰਲ ਜੂਨੀਅਰ ਡਰਾਫਟਸਮੈਨ ਦੀ ਅਸਾਮੀ ਨੂੰ ਰੁ:25500- (Level 4)ਮੁੱਢਲਾ ਤਨਖਾਹ ਸਕੇਲ/ਪੇ-ਮੈਟ੍ਰਿਕਸ ਦੇਣ ਯੋਗ ਹੋਵੇਗਾ।<br>iii) ਪਰਖਕਾਲ ਦਾ ਸਮਾਂ ਸਫਲਤਾ-ਪੂਰਵਕ ਮੁਕੰਮਲ ਹੋਣ ਤੇ ਤੁਹਾਨੂੰ ਉਸ ਅਸਾਮੀ ਤੇ ਮਿਲਣਯੋਗ ਘੱਟੋ ਘੱਟ ਤਨਖਾਹ, ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ।<br>iv) ਪਰਖਕਾਲ ਦਾ ਸਮਾਂ, ਅਤੇ ਜੇਕਰ ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਵਿੱਚ ਪਾ ਕੇ ਤਨਖਾਹ ਦੇ ਟਾਈਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ। |

| | | |
|---|---|---|
| 2. | ਨਿਯੁਕਤੀ ਦੀ ਸ਼ਰਤ | ਇਹ ਨਿਯੁਕਤੀ ਆਰਜ਼ੀ ਹੋਵੇਗੀ। |
| 3. | ਛੁੱਟੀਆਂ | ਛੁੱਟੀਆਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1, ਭਾਗ-1 ਨਿਯਮਾਂ ਅਨੁਸਾਰ ਮਿਲ ਸਕਣਗੀਆਂ।ਪਰਖਕਾਲ ਦੇ ਸਮੇਂ ਦੌਰਾਨ ਕੋਈ ਸਟੱਡੀ ਲੀਵ, ਐਕਸ ਇੰਡੀਆ ਲੀਵ, ਡੈਪੂਟੇਸ਼ਨ ਜਾਂ ਬਿਨਾਂ ਤਨਖਾਹ ਛੁੱਟੀ ਮੰਨਜੂਰ ਨਹੀਂ ਕੀਤੀ ਜਾਵੇਗੀ। |
| 4. | ਆਚਰਣ ਨਿਯਮ | ਆਚਰਣ ਸਬੰਧੀ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਂਵਲੀ ਸਰਵੈਂਟਸ ਕੰਡਕਟ ਰੂਲ ਲਾਗੂ ਹੋਣਗੇ। |
| 5. | ਹਲਫ ਵਫਾਦਾਰੀ | ਭਾਰਤੀ ਗਣਤੰਤਰ ਲਈ ਹਲਫ ਵਫਾਦਾਰੀ ਦੀ ਸਹੁੰ ਚੁੱਕਣੀ ਪਵੇਗੀ। |
| 6. | ਸਫਰੀ ਭੱਤਾ (ਕਨਵੇਂਸ ਅਲਾਉਂਸ) | ਇਸ ਨਿਯੁਕਤੀ ਤੇ ਕੋਈ ਸਫਰੀ ਭੱਤਾ (ਕਨਵੇਂਸ ਅਲਾਉਂਸ) ਨਹੀਂ ਮਿਲੇਗਾ। |
| 7. | ਬਦਲੀ | ਬਦਲੀ ਪੰਜਾਬ ਰਾਜ ਵਿੱਚ ਕਿਤੇ ਵੀ ਜਾਂ ਲੋਕ ਹਿੱਤ ਵਿਚ ਪੰਜਾਬ ਤੋਂ ਬਾਹਰ ਵੀ ਕੀਤੀ ਜਾ ਸਕਦੀ ਹੈ। |
| 8. | ਨਿਯੂ ਕੰਟਰੀਬਿਊਟਰੀ ਪੈਨਸ਼ਨ ਸਕੀਮ 2004 | ਨੌਕਰੀ ਜੁਆਇਨ ਹੋਣ ਤੇ ਇਸ ਫੰਡ ਦੇ ਨਿਯਮਾਂ ਅਨੁਸਾਰ ਤਨਖਾਹ ਵਿਚੋਂ ਬਣਦੀ ਕਟੌਤੀ ਜਮ੍ਹਾਂ ਕਰਾਉਣੀ ਪਵੇਗੀ। |
| 9. | ਗਰੁੱਪ ਇੰਸ਼ੋਰੈਂਸ ਸਕੀਮ 1982 | ਤੁਹਾਨੂੰ ਪੰਜਾਬ ਸਰਕਾਰ ਦੁਆਰਾ ਚਾਲੂ ਕੀਤੀ ਗਰੁੱਪ ਇਸ਼ੋਰੈਂਸ ਸਕੀਮ 1982 ਅਧੀਨ ਕਟੌਤੀ ਕਰਵਾਉਣੀ ਪਵੇਗੀ। |
| 10. | ਸ਼ਰੀਰਕ ਯੋਗਤਾ ਦਾ ਡਾਕਟਰੀ ਸਰਟੀਫਿਕੇਟ | ਹਾਜ਼ਰੀ ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਪ੍ਰਿੰਸੀਪਲ ਮੈਡੀਕਲ ਅਫਸਰ ਪਾਸੋਂ ਸਰੀਰਕ ਯੋਗਤਾ ਦਾ ਡਾਕਟਰੀ ਸਰਟੀਫਿਕੇਟ ਲੈਣਾ ਪਵੇਗਾ। ਇਸ ਸਬੰਧ ਵਿਚ ਪੱਤਰ ਨਾਲ ਨੱਥੀ ਕੀਤਾ ਜਾਂਦਾ ਹੈ। |
| 11. | ਦੋ ਜਿੰਦਾ ਪਤਨੀਆਂ/ਪਤੀ | ਜੇ ਤੁਸੀ ਸ਼ਾਦੀ ਸ਼ੁਦਾ ਹੋ ਤਾਂ ਪੰਜਾਬ ਸਰਕਾਰ ਸਰਵੈਂਟਸ ਕੰਡਕਟ ਰੂਲਾਂ ਅਧੀਨ ਤੁਹਾਡੀ ਕੇਵਲ ਇਕ ਪਤਨੀ ਰਹੇਗੀ ਅਤੇ ਸਰਕਾਰੀ ਸੇਵਾ ਦੌਰਾਨ ਸਰਕਾਰ ਪਾਸੋਂ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਦੂਜੀ ਸ਼ਾਦੀ ਨਹੀਂ ਕਰਵਾਓਗੇ। |
| 12. | ਸੇਵਾਵਾਂ ਦੀ ਸਮਾਪਤੀ | ਸੇਵਾਵਾਂ ਦੀ ਸਮਾਪਤੀ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਕੀਤੀ ਜਾਂ ਸਕੇਗੀ:-<br>ੳ) ਸਰਕਾਰ ਜਾਂ ਆਪ (ਉਮੀਦਵਾਰ) ਵਲੋਂ ਅਰਥਾਤ ਦੋਹਾਂ ਵਿਚੋਂ ਕਿਸੇ ਵੱਲੋਂ ਕਿਸੇ ਸਮੇਂ ਵੀ ਇਕ ਮਹੀਨੇ ਦੇ ਨੋਟਿਸ ਦੇਣ ਤੇ ਜਾਂ ਇਕ ਮਹੀਨੇ ਦੇ ਨੋਟਿਸ ਦੇ ਬਦਲੇ ਇੱਕ ਮਹੀਨੇ ਦੀ ਤਨਖਾਹ ਸਮੇਤ ਸਭ ਭੱਤਿਆਂ ਦੀ ਅਦਾਇਗੀ ਉਪਰੰਤ ਸੇਵਾਵਾਂ ਸਮਾਪਤ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਆਸਾਮੀ ਖਤਮ ਹੋਣ ਦੀ ਸੂਰਤ ਵਿੱਚ ਹੁਕਮ ਅਦੂਲੀ, ਅਣਗਹਿਲੀ ਜਾਂ ਫਰਜਾਂ ਦੀ ਕੁਤਾਹੀ ਕਾਰਨ ਬਿਨਾਂ ਕੋਈ ਨੋਟਿਸ ਦਿੱਤਿਆਂ ਸੇਵਾਵਾਂ ਸਮਾਪਤ ਕੀਤੀ ਜਾ ਸਕੇਗੀ।<br>ਅ) ਅਸਤੀਫਾ ਦੇਣ ਦੀ ਸੂਰਤ ਵਿੱਚ ਇੱਕ ਪੱਕੇ ਕਰਮਚਾਰੀ ਦੀ ਇਸ ਗੱਲ ਦੀ ਜਾਮਨੀ ਦੇਣੀ ਪਵੇਗੀ ਕਿ ਕਿਸੇ ਸਮੇਂ ਕੋਈ ਬਕਾਇਆ ਤੁਹਾਡੇ ਵੱਲ ਨਿਕਲ ਆਇਆ ਤਾਂ ਜਾਮਨ ਉਹ ਆਪ ਭਰਵਾਏਗਾ ਜਾਂ ਖੁਦ ਭਰਨ ਦੀ ਜਿਮੇਂਵਾਰੀ ਲਵੇਗਾ।<br>ੲ) ਆਪ ਨੂੰ ਇਹ ਸਵੈ ਘੋਸ਼ਣਾ ਦੇਣੀ ਹੋਵੇਗੀ ਕਿ ਆਪ ਨੂੰ ਕਦੇ ਵੀ ਕਿਸੇ ਕਰੀਮੀਨਲ ਕੇਸ ਵਿੱਚ ਸਜ਼ਾ ਨਹੀਂ ਹੋਈ ਅਤੇ ਨਾ ਹੀ ਕਦੇ ਕਿਸੇ ਰਾਜ ਸਰਕਾਰ, ਭਾਰਤ ਸਰਕਾਰ ਜਾਂ ਕਿਸੇ ਜਨਤਕ ਅਦਾਰੇ ਵਲੋਂ ਤੁਹਾਡੀਆਂ ਸੇਵਾਵਾਂ ਬਰਖਾਸਤ ਕੀਤੀਆਂ ਗਈਆਂ ਹਨ।<br>ਸ) ਆਪ ਨੂੰ ਇਹ ਸਵੈ ਘੋਸ਼ਣਾ ਦੇਣੀ ਹੋਵੇਗੀ ਕਿ ਜੇਕਰ ਤੁਹਾਡੇ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਕਿਸੇ ਸਟੇਜ ਤੇ ਗੈਰ-ਮਾਨਤਾ ਪ੍ਰਾਪਤ ਅਦਾਰੇ ਤੋਂ ਹਾਸਲ ਕੀਤੇ ਹੋਣ ਬਾਰੇ ਸੂਚਨਾ ਸਰਕਾਰ ਨੂੰ ਪ੍ਰਾਪਤ ਹੁੰਦੀ ਹੈ ਤਾਂ ਤੁਹਾਡੀ ਨਿਯੁਕਤੀ ਬਿਨ੍ਹਾਂ ਕਿਸੇ ਅਪੀਲ-ਦਲੀਲ ਦੇ ਰੱਦ ਕਰ ਦਿਤੀ ਜਾਵੇਗੀ।<br>ਹ) ਆਪ ਵਲੋਂ ਰਾਖਵੇਂਕਰਨ ਬਾਰੇ ਪੇਸ਼ ਕੀਤੇ ਗਏ ਦਸਤਾਵੇਜ਼ ਜੇਕਰ ਕਿਸੇ ਸਟੇਜ ਤੇ ਝੂਠੇ ਪਾਏ ਜਾਂਦੇ ਹਨ ਤਾ ਤੁਹਾਡੀ ਨਿਯੁਕਤੀ ਬਿਨ੍ਹਾਂ ਕਿਸੇ ਅਪੀਲ/ਦਲੀਲ ਤੋਂ ਰੱਦ ਕਰ ਦਿੱਤੀ ਜਵੇਗੀ। |

| | | |
|---|---|---|
| | | ਕ) ਜੇਕਰ ਤੁਹਾਡੇ ਵਲੋਂ ਉਪਰੋਕਤ ੲ ਤੋਂ ਹ ਵਿੱਚ ਦਰਸਾਏ ਗਏ ਤੱਥਾਂ ਤੋਂ ਇਲਾਵਾ ਇਸ ਨਿਯੁਕਤੀ ਪੱਤਰ ਪ੍ਰਤੀ ਦਿੱਤੀ ਗਈ ਘੋਸ਼ਣਾ ਕਿਸੇ ਸਟੇਜ ਤੇ ਝੂਠੀ ਪਾਈ ਜਾਂਦੀ ਹੈ ਤਾਂ ਤੁਹਾਡੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਤੋਂ ਇਲਾਵਾ ਤੁਹਾਡੀ ਨਿਯੁਕਤੀ ਬਿਨ੍ਹਾਂ ਕਿਸੇ ਅਪੀਲ/ਦਲੀਲ ਦੇ ਰੱਦ ਕਰ ਦਿੱਤੀ ਜਾਵੇਗੀ। |
| 13. | ਪ੍ਰੋਬੇਸ਼ਨ ਬਾਰੇ | ਇਹ ਨਿਯੁਕਤੀ ਦਾ ਖਰਖਕਾਲ ਸਮਾਂ ਤਿੰਨ ਸਾਲ ਦਾ ਹੈ ਬਸ਼ਰਤੇ ਇਹ ਉਪਰ ਦਰਸ਼ਾਈਆਂ ਸ਼ਰਤਾਂ ਪੂਰੀਆਂ ਕਰੋਗੇ ਅਤੇ ਜੇਕਰ ਇਸ ਸਮੇਂ ਦੌਰਾਨ ਕੰਮ ਤਸੱਲੀਬਖਸ਼ ਹੋਵੇਗਾ ਤਾਂ ਨੌਕਰੀ ਵਿਚ ਜਾਰੀ ਰੱਖਣ ਵਾਸਤੇ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। |
| 14. | ਪੈਨਸ਼ਨ ਬਾਰੇ | ਪੰਜਾਬ ਸਰਕਾਰ ਵਲੋਂ ਗਸ਼ਤੀ ਪੱਤਰ ਨੰ: 11/94/2002-4ਪੀਪੀ11/650 ਮਿਤੀ 12.1.2004 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੇ ਪੈਰਾ-1 ਸਬ ਪੈਰਾ(ਸੀ) ਅਨੁਸਾਰ ਤੁਹਾਨੂੰ ਪੈਨਸ਼ਨਰੀ ਲਾਭਾਂ ਦਾ ਕੋਈ ਬੈਨੀਫਿਟ ਮਿਲਣਯੋਗ ਨਹੀਂ ਹੋਵੇਗਾ। ਪੈਨਸ਼ਨ ਲਈ ਨਵੀਂ ਕੰਟਰੀਵਿਊਟਰੀ ਪੈਨਸ਼ਨ ਸਕੀਮ ਲਾਗੂ ਹੋਵੇਗੀ। |
| 15. | ਰੂਲਾਂ ਸਬੰਧੀ | ਤੁਹਾਡੇ ਤੇ ਪੰਜਾਬ ਆਰਕੀਟੈਕਚਰ ( ਗਰੁੱਪ-ਸੀ) ਤਕਨੀਕੀ ਸਰਵਿਸ ਰੂਲਜ਼,2021 ਲਾਗੂ ਹੋਣਗੇ ਅਤੇ ਭਵਿੱਖ ਵਿੱਚ ਇਨ੍ਹਾਂ ਵਿੱਚ ਹੋਣ ਵਾਲੀਆਂ ਸੋਧਾਂ ਵੀ ਤੁਹਾਡੇ ਤੇ ਲਾਗੂ ਹੋਣਗੀਆਂ। |
| 16. | ਪੰਜਾਬੀ ਭਾਸ਼ਾ ਸਬੰਧੀ। | ਪੰਜਾਬੀ ਭਾਸ਼ਾ ਵਿੱਚ ਦਸਵੀਂ ਜਾਂ ਇਸ ਦੇ ਬਰਾਬਰ ਦੀ ਵਿਦਿਅਕ ਯੋਗਤਾ ਨਿਯੁਕਤੀ ਦੇ ਸਮੇਂ ਪ੍ਰੀਖਿਆ ਪਾਸ ਹੋਣੀ ਲਾਜ਼ਮੀ ਹੋਵੇਗੀ। |

ਜੇਕਰ ਤੁਸੀ ਉਪਰੋਕਤ ਸ਼ਰਤਾਂ ਉਤੇ ਇਸ ਪੇਸ਼ਕਸ਼ ਨੂੰ ਪ੍ਰਵਾਨ ਕਰਦੇ ਹੋ ਤਾਂ ਦਫਤਰ ਮੁੱਖ ਆਰਕੀਟੈਕਟ,ਪੰਜਾਬ, ਆਰਕੀਟੈਕਚਰ ਵਿਭਾਗ, ਚੰਡੀਗੜ੍ਹ ਵਿਖੇ ਡਿਊਟੀ ਲਈ ਹਾਜ਼ਰੀ ਰਿਪੋਰਟ ਦਿਓ।

ਜੇਕਰ ਤੁਸੀ ਉਪਰੋਕਤ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਡਿਊਟੀ ਤੇ ਹਾਜ਼ਰ ਨਾ ਹੋਏ ਤਾਂ ਇਹ ਪੇਸ਼ਕਸ਼ ਖਤਮ ਹੋ ਗਈ ਸਮਝੀ ਜਾਵੇਗੀ।

16.9.22

( ਸਪਨਾ )
ਮੁੱਖ ਆਰਕੀਟੈਕਟ,ਪੰਜਾਬ,
ਆਰਕੀਟੈਕਚਰ ਵਿਭਾਗ।

ਪਿੱਠ ਅੰਕਣ ਨੰ: ਮੁ.ਆ-(1184-ਈ)-2022/

ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜ੍ਹਕਾਂ-3 ਸ਼ਾਖਾ), ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: /E361495/PWDBR302/9/2022-2BR3/460, ਮਿਤੀ 29.7.2022 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2) ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਤੇ ਯੋਜਨਾ ਭਵਨ, ਸੈਕਟਰ 33, ਚੰਡੀਗੜ੍ਹ।
3) ਜਿਲ੍ਹਾ ਖਜ਼ਾਨਾ ਅਫਸਰ, ਪੰਜਾਬ ਖਜ਼ਾਨਾ, ਚੰਡੀਗੜ੍ਹ।

( ਸਪਨਾ )
ਮੁੱਖ ਆਰਕੀਟੈਕਟ,ਪੰਜਾਬ,
ਆਰਕੀਟੈਕਚਰ ਵਿਭਾਗ।